ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News








04 July 2019 Daily, editornztasveer@gmail.com designnztasveer@gmail.com Ph/Fax: 09 390 4644 FREE


## ਨਿਊਜੀਲੈਂਡ 'ਚ ਸਿਹਤ ਸਹੂਲਤਾਂ 'ਚ ਸੁਧਾਰ ਦੀ ਲੋੜ-ਜਸ਼ਿੰਦਾ ਆਰਡਨ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਪ੍ਰਧਾਨ ਮੰਤਰੀ ਜਸ਼ਿੰਦਾ ਆਰਡਨ ਨੇ ਸਿਹਤ ਸਹੂਲਤਾਂ 'ਚ ਕਮੀ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨਹਾਂ ਕਿਹਾ ਕਿ ਸਿਹਤ ਸਹੂਲਤਾਂ ਲਈ ਆਉਣ ਵਾਲੇ ਫੰਡਾਂ ਦੀ ਵੱਡੀ ਗਿਣਤੀ ਦੇ ਬਾਵਜੂਦ, ਸਰਕਾਰ ਇਸ ਖੇਤਰ ਵਿਚ ਲੋੜੀਂਦੇ ਅਤੇ ਵਧੀਆ ਨਤੀਜਿਆਂ ਨੂੰ ਨਹੀਂ ਦੇਖ ਰਹੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿਹਤ ਵਿਭਾਗ ਇੱਕ ਅਜਿਹਾ ਵਿਭਾਗ ਹੈ ਜਿਸ ਵਿੱਚ ਅਸੀਂ ਵੱਡੇ ਪੱਧਰ 'ਤੇ ਨਿਵੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕੀਤੀਆ ਜਾ ਸਕਣ, ਪਰ ਅਫਸੋਸ ਕਿ ਇਸ ਵਿੱਚ ਅਸੀਂ ਜੋ ਨਤੀਜੇ ਵੇਖਣਾ ਚਾਹੁੰਦੇ ਹਾਂ ਉਹ ਵੇਖ ਨਹੀਂ ਰਹੇ। Waitangi Tribunal ਦੀ ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਪ੍ਰਧਾਨ ਮੰਤਰੀ ਜਸ਼ਿੰਦਾ ਆਰਡਨ ਨੇ ਕਿਹਾ ਕਿ ਇਸ ਰਿਪੋਰਟ ਵਿੱਚ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਸਿਹਤ ਸਿਸਟਮ ਵਿੱਚ ਕਾਫੀ ਕਮੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਉਸ ਤਰਾਂ ਦੇ ਯਤਨ ਨਹੀਂ ਹੋ ਸਕੇ ਜਿਸ ਤਰਾਂ ਦੀ ਫੰਡਿੰਗ ਕੀਤੀ ਗਈ ਸੀ। ਇਹ ਰਿਪੋਰਟ ਨਿਊਜੀਲੈਂਡ 'ਚ Crown"s ਸੰਧੀ ਦੇ ਤਹਿਤ ਸਿਧਾਤਾਂ ਦੀ ਪਾਲਣਾ ਨਾ ਕਰਨ ਵੱਲ ਵੀ ਇਸ਼ਾਰਾ ਕਰਦੀ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਲਈ ਜਰੂਰੀ ਹੈ ਕਿ ਸਾਨੂੰ ਸਿਹਤ ਵਿਭਾਗ ਦੀਆਂ ਨੀਤੀਆਂ ਵਿੱਚ ਸੁਧਾਰ ਕਰਨ ਦੀ ਸਖਤ ਜਰੂਰਤ ਹੈ।

## ਨਿਊਜੀਲੈਂਡ ਪਾਸਪੋਰਟ ਵਿਸ਼ਵ ਦੇ ਸ਼ਕਤੀਸਾਲੀ ਪਾਸਪੋਰਟਾਂ ਵਿੱਚ ਸ਼ਾਮਿਲ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਪਾਸਪੋਰਟ ਦੁਨੀਆਂ ਦੇ ਸ਼ਕਤੀਸਾਲੀ ਪਾਸਪੋਰਟਾਂ ਵਿੱਚ ਸੁਮਾਰ ਹੋ ਗਿਆ ਹੈ। ਨਿਊਜੀਲੈਂਡ ਪਾਸਪੋਰਟ ਆਸਟ੍ਰੇਲੀਆਈ ਪਾਸਪੋਰਟ ਦੇ ਨਾਲ ਦਰਜਾਬੰਦੀ 'ਚ ਨੌਵੇਂ ਸਥਾਨ ਉੱਤੇ ਹੈ। Iceland and Lithuania ਵੀ Henley ਪਾਸਪੋਰਟ ਸੂਚੀ ਵਿੱਚ ਚੋਟੀ ਦੇ ਸਥਾਨਾਂ ਵਿੱਚ ਮੌਜੂਦ ਸਨ। ਸਿੰਗਾਪੁਰ ਅਤੇ ਜਾਪਾਨ ਪਹਿਲੇ ਸਥਾਨ 'ਤੇ ਰਹੇ, ਜਦਕਿ ਅਮਰੀਕਾ ਅਤੇ ਯੂ.ਕੇ.ਨੂੰ ਛੇਵਾਂ ਸਥਾਨ ਮਿਲਿਆ ਹੈ।

## ਆਕਲੈਂਡ 'ਚ ਕੈਂਸਰ ਦੇ ਮਰੀਜਾਂ ਨੂੰ ਇਲਾਜ ਲਈ ਕਰਨਾ ਪੈ ਰਿਹਾ ਲੰਮਾ ਇੰਤਜਾਰ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਾਊਥ ਔਕਲੈਂਡ ਦੇ ਮਿਡਲਮੋਰ ਹਸਪਤਾਲ ਕੈਂਸਰ ਦੇ ਇਲਾਜ ਦੇ ਟੀਚਿਆਂ ਨੂੰ ਪੂਰਾ ਕਰਨ ਦੇ ਮਾਮਲਿਆਂ 'ਚ ਪਿੱਛੇ ਵੱਲ ਜਾ ਰਿਹਾ ਹੈ। ਆਕਲੈਂਡ ਜ਼ਿਲ੍ਹਾ ਸਿਹਤ ਬੋਰਡ ਦਾ ਏਜੰਡਾ ਕਹਿੰਦਾ ਹੈ ਕਿ ਛੇ ਮਹੀਨਿਆਂ ਵਿੱਚ ਮਾਰਚ 2019 ਦੇ 76 ਪ੍ਰਤੀਸ਼ਤ ਲੋਕਾਂ ਦਾ ਕੈਂਸਰ ਇਲਾਜ 62 ਦਿਨ ਦੇ ਅੰਦਰ ਹੋਇਆ ਹੈ। ਹਸਪਤਾਲ ਦਾ ਟੀਚਾ 90 ਫੀਸਦੀ ਹੈ ਪਰ ਇਸ ਨੇ ਇਕ ਸਾਲ ਲਈ ਅਜਿਹਾ ਨਹੀਂ ਕੀਤਾ ਹੈ। ਪਿਛਲੇ ਸਾਲ ਦੇ ਅਖੀਰ ਤਕ ਇਸ ਨੂੰ 85 ਫੀਸਦੀ ਤੱਕ ਘਟਾਇਆ ਗਿਆ ਸੀ ਅਤੇ ਇਸਦੀ ਰਫਤਾਰ ਹੌਲੀ ਹੋ ਰਹੀ ਹੈ। ਮਰੀਜ਼ਾਂ ਦੀ ਗਿਣਤੀ ਵੱਧ ਮਾਰ ਗਈ ਹੈ, ਇਕ ਸਾਲ ਵਿਚ ਗਾਇਨੋਕੋਲਾਜੀ, ਅਤੇ ਸਿਰ ਅਤੇ ਗਰਦਨ ਟਿਊਮਰ ਲਈ ਦੁੱਗਣੇ ਤੋਂ ਵੀ ਜ਼ਿਆਦਾ ਮਰੀਜਾਂ ਹਸਪਤਾਲ ਪਹੁੰਚੇ ਹਨ।

## ਇੰਗਲੈਂਡ ਸੈਮੀਫਾਈਨਲ ਚ, ਨਿਊਜ਼ੀਲੈਂਡ ਨੂੰ 119 ਦੌੜਾਂ ਨਾਲ ਹਰਾਇਆ

ਜਾਨੀ ਬੇਅਰਸਟੋ (106) ਦੇ ਲਗਾਤਾਰ ਦੂਸਰੇ ਸੈਂਕੜੇ ਤੋਂ ਬਾਅਦ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਮਦਦ ਨਾਲ ਇੰਗਲੈਂਡ ਨੇ ਵਿਸ਼ਵ ਕੱਪ ਦੇ ਅਹਿਮ ਮੁਕਾਬਲੇ ਵਿਚ ਨਿਊਜ਼ੀਲੈਂਡ ਨੂੰ 119 ਦੌੜਾਂ ਨਾਲ ਹਰਾ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕਰ ਲਿਆ। ਇੰਗਲੈਂਡ ਦੀਆਂ 8 ਵਿਕਟਾਂ 'ਤੇ 305 ਦੌੜਾਂ ਦੇ ਜਵਾਬ ਵਿਚ ਕੀਵੀ ਟੀਮ 45 ਓਵਰਾਂ ਵਿਚ 186 ਦੌੜਾਂ 'ਤੇ ਆਲ ਆਊਟ ਹੋ ਗਈ।ਇੰਗਲੈਂਡ ਨੇ 1992 ਤੋਂ ਬਾਅਦ ਪਹਿਲੀ ਵਾਰ ਵਿਸ਼ਵ ਕੱਪ ਸੈਮੀ-ਫਾਈਨਲ ਵਿਚ ਜਗ੍ਹਾ ਬਣਾਈ ਹੈ ਜਦਕਿ ਆਸਟਰੇਲੀਆ ਅਤੇ ਭਾਰਤ ਅੰਤਿਮ-4 ਵਿਚ ਜਗ੍ਹਾ ਬਣਾ ਚੁੱਕੇ ਹਨ। ਨਿਊਜ਼ੀਲੈਂਡ ਹਾਰ ਦੇ ਬਾਵਜੂਦ ਬਾਹਰ ਨਹੀਂ ਹੋਇਆ ਹੈ ਕਿਉਂਕਿ ਪਾਕਿਸਤਾਨ ਨੂੰ ਸੈਮੀਫਾਈਨਲ ਵਿਚ ਪਹੁੰਚਣ ਲਈ ਆਪਣੇ ਆਖਰੀ ਮੈਚ ਵਿਚ ਫਾਰਮ 'ਚ ਚਲ ਰਹੀ ਬੰਗਲਾਦੇਸ਼ੀ ਟੀਮ ਨੂੰ 300 ਤੋਂ ਵੱਧ ਦੌੜਾਂ ਦੇ ਫਰਕ ਨਾਲ ਹਰਾਉਣਾ ਹੋਵੇਗਾ। ਨਿਊਜ਼ੀਲੈਂਡ ਦੀ ਸ਼ੁਰੂਆਤ ਬੇਹੱਦ ਖਰਾਬ ਰਹੀ ਅਤੇ ਉਸ ਦੇ ਦੋਵੇਂ ਸਲਾਮੀ ਬੱਲੇਬਾਜ਼ ਛੇਵੇਂ ਓਵਰ ਵਿਚ ਪੈਵੇਲੀਅਨ ਪਰਤ ਗਏ ਜਦੋਂ ਸਾਰੀਆਂ ਉਮੀਦਾਂ ਕਪਤਾਨ ਕੇਨ ਵਿਲੀਅਮਸਨ ਅਤੇ ਰੋਸ ਟੇਲਰ 'ਤੇ ਟਿਕੀਆਂ ਸਨ, ਜੋ ਕ੍ਰਮਵਾਰ 27 ਅਤੇ 28 ਦੌੜਾਂ ਬਣਾ ਕੇ ਰਨ ਆਊਟ ਹੋ ਗਏ। ਟਾਮ ਲਾਥਮ ਨੇ 65 ਗੇਂਦਾਂ ਵਿਚ 5 ਚੌਕਿਆਂ ਦੀ ਮਦਦ ਨਾਲ 57 ਦੌੜਾਂ ਬਣਾਈਆਂ। ਮਾਰਕ ਵੁੱਡ ਨੇ 9 ਓਵਰਾਂ ਵਿਚ 34 ਦੌੜਾਂ ਦੇ ਕੇ 3 ਵਿਕਟਾਂ ਲਈਆਂ ਜਦਕਿ ਜੋਫਰਾ ਆਰਚਰ ਨੇ 7 ਓਵਰਾਂ ਵਿਚ 17 ਦੌੜਾਂ ਦੇ ਕੇ 1 ਵਿਕਟ ਹਾਸਲ ਕੀਤੀ। ਟੀਮਾਂ : ਇੰਗਲੈਂਡ: ਜੇਸਨ ਰਾਏ, ਜੌਨੀ ਬੇਅਰਸਟੋ, ਜੋ ਰੂਟ, ਇਓਨ ਮੋਰਗਨ (ਕਪਤਾਨ), ਬੇਨ ਸਟੋਕਸ, ਜੋਸ ਬਟਲਰ, ਕ੍ਰਿਸ ਵੋਕਸ, ਲੀਅਮ ਪਲੰਨਕੇਟ, ਜੋਫਰਾ ਆਰਚਰ, ਆਦਿਲ ਰਾਸ਼ਿਦ, ਮਾਰਕ ਵੁੱਡ। ਨਿਊਜ਼ੀਲੈਂਡ: ਮਾਰਟਿਨ ਗੁਪਟਿਲ, ਹੈਨਰੀ ਨਿਕੋਲਸ, ਕੇਨ ਵਿਲੀਅਮਸਨ (ਕਪਤਾਨ), ਰੌਸ ਟੇਲਰ, ਟਾਮ ਲਾਥਮ, ਕੋਲਿਨ ਡੀ ਗ੍ਰੈਂਡਹਾਮ, ਜੇਮਸ ਨੀਸ਼ਮ, ਮਿਚੇਲ ਸੈਨਟਨਰ, ਟਿਮ ਸਾਊਥੀ, ਮੈਟ ਹੈਨਰੀ, ਟਰੈਂਟ ਬੋਲਟ।

## ਆਕਲੈਂਡ 'ਚ ਘੱਟ ਬਾਰਿਸ਼ ਦਾ ਹੋਣਾ ਪਾਣੀ ਦੀ ਬੱਚਤ ਵੱਲ ਸੰਕੇਤ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪਾਣੀ ਦੀ ਘਾਟ ਅੱਜ ਪੂਰੀ ਦੁਨੀਆਂ ਲਈ ਵੱਡੀ ਸਿਰਦਰਦੀ ਬਣਦੀ ਜਾ ਰਹੀ ਹੈ। ਨਿਊਜੀਲੈਂਡ ਦੇ ਆਕਲੈਂਡ 'ਚ ਜਨਵਰੀ ਤੋਂ ਜੂਨ ਤੱਕ ਪਿਛਲੇ ਸਾਲ ਦੇ ਮੁਕਾਬਲੇ 34 ਫਸਦੀ ਤੋਂ 44 ਫੀਸਦੀ ਬਾਰਿਸ਼ ਘੱਟ ਹੋਈ ਹੈ। ਇਸ ਵਕਤ ਸ਼ਹਿਰ ਦੇ ਕੁੱਲ ਪਾਣੀ ਦੇ ਸਰੋਤ 59.2 ਘੱਟ ਹਨ। ਮੌਸਮ ਵਿਗਿਆਨੀ Georgina Griffiths ਦਾ ਕਹਿਣਾ ਹੈ ਕਿ ਅਸੀਂ ਇਸ ਸਥਿਤੀ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਾਂ। ਡੈਮਾਂ, ਨਦੀਆਂ ਦੇ ਜਲ ਸਰੋਤਾਂ ਨੂੰ ਬਚਾਉਣ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 19000 ਵਾਟਰ ਟੈਂਕਰ ਇਸ ਵਾਰ ਭਰੇ ਗਏ ਹਨ। ਜੋ ਕਿ ਛੇ ਮਹੀਨੇ ਵਿੱਚ ਭਰੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਾਰੇ ਹੀ ਪਾਣੀ ਦਾ ਇਸਤੇਮਾਲ ਸਮਝਦਾਰੀ ਨਾਲ ਕਰਨ ਤਾਂ ਜੋ ਇਹ ਕੁਦਰਤੀ ਸਾਧਨ ਬਚਾਇਆ ਜਾ ਸਕੇ।

## ਸੰਨੀ ਦਿਓਲ ਵਲੋਂ ਨਿਯੁਕਤ ਕੀਤਾ ਨੁਮਾਇਦਾ ਗੁਰਪ੍ਰੀਤ ਪਲਹੇੜੀ ਕੌਣ ਹੈ, ਤੇ ਕੀ ਸੰਸਦ ਮੈਂਬਰ ਅਜਿਹਾ ਕਰ ਸਕਦੈ



'ਆਪਣੇ ਸੰਸਦੀ ਹਲਕੇ ਦੇ ਲਟਕਦੇ ਕੰਮਾਂ ਦੀ ਪੈਰਵੀ ਅਤੇ ਸਬੰਧਤ ਅਧਿਕਾਰੀਆਂ ਨਾਲ ਬੈਠਕਾਂ ਕਰਨ ਲਈ ਮੈਂ ਗੁਰਪ੍ਰੀਤ ਸਿੰਘ ਪਲਹੇੜੀ ਪੁੱਤਰ ਸੁਰਿੰਦਰ ਸਿੰਘ ਪਲਹੇੜੀ , ਵਾਸੀ ਪਿੰਡ ਤੇ ਡਾਕਖਾਨਾ ਪਲਹੇੜੀ ਜਿਲ੍ਹਾ ਮੋਹਾਲੀ ਨੂੰ ਆਪਣਾ ਨੁਮਾਇਦਾ ਨਿਯੁਕਤ ਕਰਦਾ ਹਾਂ।" ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਅਤੇ ਸਿਨੇ ਸਟਾਰ ਸੰਨੀ ਦਿਓਲ ਦੀ 26 ਜੂਨ ਨੂੰ ਲਿਖੀ ਗਈ ਢਾਈ ਲਾਇਨਾਂ ਦੀ ਚਿੱਠੀ ਜਦੋਂ ਸੋਸ਼ਲ ਮੀਡੀਆ ਉੱਤੇ ਆਈ ਤਾਂ ਇਸ ਨੇ ਮੁਲਕ ਦੇ ਸਿਆਸੀ ਹਲਕਿਆ ਵਿਚ ਹਲਚਲ ਮਚਾ ਦਿੱਤੀ। ਭਾਵੇਂ ਕਿ ਪਲਹੇੜੀ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਵਿਚ ਖੁਦ ਨੂੰ ਸੰਸਦ ਮੈਂਬਰ ਦਾ ਨਿੱਜੀ ਸਹਾਇਕ ਦੱਸਿਆ ਪਰ ਵਿਰੋਧੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਜੇਕਰ ਸਰਕਾਰੀ ਬੈਠਕਾਂ ਵਿਚ ਨੁਮਾਇਦੇ ਨੇ ਹੀ ਸ਼ਾਮਲ ਹੋਣਾ ਹੈ ਤਾਂ ਸੰਸਦ ਮੈਂਬਰ ਕੀ ਕਰਨਗੇ। ਸੰਨੀ ਦਿਓਲ ਇਸ ਵਿਵਾਦ ਨੂੰ ਬੇਲੋੜਾ ਦੱਸਦੇ ਹਨ, ਆਪਣੀ ਫੇਸ ਬੁੱਕ ਪੋਸਟ ਉੱਤੇ ਉਨ੍ਹਾਂ ਕਿਹਾ ਗੁਰਪ੍ਰੀਤ ਮੇਰਾ ਪੀਏ ਹੈ ਅਤੇ ਮੇਰੀ ਗੈਰਹਾਜ਼ਰੀ ਵਿਚ ਹਲਕੇ ਦੇ ਕੰਮ ਨਾ ਰੁਕਣ ਇਸ ਲਈ ਉਸਦੀ ਨਿਯੁਕਤੀ ਕੀਤੀ ਗਈ ਹੈ। ਸਵਾਲ ਇਹ ਹੈ ਵੀ ਕੀਤਾ ਜਾ ਰਿਹਾ ਹੈ ਕਿ ਕੀ ਕਿਸੇ ਸੰਸਦ ਮੈਂਬਰ ਕੋਲ ਇਹ ਅਧਿਕਾਰ ਹੈ ਕਿ ਉਹ ਸਰਕਾਰੀ ਬੈਠਕਾਂ ਵਿਚ ਆਪਣੀ ਥਾਂ ਕਿਸੇ ਨੁਮਾਇਦੇ ਨੂੰ ਭੇਜੇ। ਪਾਰਲੀਮਾਨੀ ਮਾਮਲਿਆਂ ਦੇ ਸਾਬਕਾ ਮੰਤਰੀ ਤੇ ਸੀਨੀਅਰ ਵਕੀਲ ਪਵਨ ਬੰਸਲ ਇਸ ਦਾ ਜਵਾਬ ਨਾਂਹ ਵਿਚ ਦਿੰਦੇ ਹਨ।"ਆਪਣੇ ਸੰਸਦੀ ਹਲਕੇ ਦੇ ਲਟਕਦੇ ਕੰਮਾਂ ਦੀ ਪੈਰਵੀ ਅਤੇ ਸਬੰਧਤ ਅਧਿਕਾਰੀਆਂ ਨਾਲ ਬੈਠਕਾਂ ਕਰਨ ਲਈ ਮੈਂ ਗੁਰਪ੍ਰੀਤ ਸਿੰਘ ਪਲਹੇੜੀ ਪੁੱਤਰ ਸੁਰਿੰਦਰ ਸਿੰਘ ਪਲਹੇੜੀ , ਵਾਸੀ ਪਿੰਡ ਤੇ ਡਾਕਖਾਨਾ ਪਲਹੇੜੀ ਜਿਲ੍ਹਾ ਮੋਹਾਲੀ ਨੂੰ ਆਪਣਾ ਨੁਮਾਇਦਾ ਨਿਯੁਕਤ ਕਰਦਾ ਹਾਂ।"

**ਕੀ ਕਹਿੰਦੇ ਹਨ ਪਲਹੇੜੀ**

ਗੁਰਪ੍ਰੀਤ ਸਿੰਘ ਪਲਹੇੜੀ ਪਠਾਨਕੋਟ ਵਿੱਚ ਆਧੁਨਿਕ ਵਿਹਾਰ ਕਲੋਨੀ ਵਿੱਚ ਬਣੀ ਇੱਕ ਕੋਠੀ ਜਿਸ ਨੂੰ ਸੰਨੀ ਦਿਓਲ ਦਾ ਦਫ਼ਤਰ ਦੱਸਿਆ ਜਾਂਦਾ ਹੈ, ਉਸ ਵਿੱਚ ਰਹਿੰਦੇ ਹਨ। ਗੁਰਪ੍ਰੀਤ ਪਲਹੇੜੀ ਨੇ ਦੱਸਿਆ, "ਮੈਨੂੰ ਸੰਨੀ ਦਿਓਲ ਨੇ ਆਪਣਾ ਪੀਏ ਬਣਾਇਆ ਹੈ ਅਤੇ ਪੀਏ ਦੇ ਤੌਰ 'ਤੇ ਹੀ ਹਲਕੇ ਵਿੱਚ ਸੰਨੀ ਲਈ ਕੰਮ ਕਰ ਰਿਹਾਂ ਹਾਂ। ਹਰ ਇਕ ਨੇਤਾ ਦਾ ਪੀਏ ਹੁੰਦਾ ਹੈ, ਇਸ ਵਿੱਚ ਕੋਈ ਨਵੀਂ ਗੱਲ ਨਹੀਂ ਅਤੇ ਮੈਂ ਪਠਾਨਕੋਟ ਵਿੱਚ ਬਣਾਏ ਗਏ ਦਫ਼ਤਰ ਵਿੱਚ ਬੈਠ ਰਿਹਾਂ ਹਾਂ ਅਤੇ ਲੋਕਾਂ ਨੂੰ ਮਿਲ ਰਿਹਾ ਹਾਂ।" ਉਨ੍ਹਾਂ ਅੱਗੇ ਕਿਹਾ ਕਿ ਉਹ ਭਾਜਪਾ ਦੇ ਨੁਮਾਇੰਦਿਆਂ ਨਾਲ ਵੀ ਜੁੜੇ ਹਨ ਅਤੇ ਜੇ ਕਿਸੇ ਵੀ ਤਰੀਕੇ ਦੇ ਲੋਕਾਂ ਦੇ ਕੰਮਾਂ ਅਤੇ ਮੁਸ਼ਕਿਲਾਂ ਨੂੰ ਸੰਸਦ ਮੈਂਬਰ ਤੱਕ ਪਹੁੰਚਾ ਰਹੇ ਹਨ ਤਾਂ ਜੋ ਕੰਮ ਹੋ ਸਕਣ ਅਤੇ ਹਲਕੇ ਦੇ ਕਾਰਜ ਸਿਰੇ ਚੜ੍ਹ ਸਕਣ। ਪਲਹੇੜੀ ਨੇ ਅਖਿਆ ਕਿ ਉਨ੍ਹਾਂ ਨੂੰ ਆਪਣਾ ਪੀਏ ਬਣਾਇਆ ਗਿਆ ਹੈ ਅਤੇ ਇਸਦੇ ਨਾਲ-ਨਾਲ ਇੱਕ ਟੀਮ ਬਣਾਈ ਗਈ ਹੈ, ਜਿਸ ਵਿਚ ਭਾਜਪਾ ਮੰਡਲ ਦੇ ਪ੍ਰਧਾਨ ਤੇ ਹੋਰ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਸੀ, 'ਸੰਨੀ ਰਾਜਨੀਤੀ ਕਰਨ ਲਈ ਨਹੀਂ ਬਲਕਿ ਸੇਵਾ ਕਰਨ ਲਈ ਸੰਸਦ ਮੈਂਬਰ ਬਣੇ ਹਨ। ਇਸੇ ਮਕਸਦ ਨਾਲ ਪਠਾਨਕੋਟ ਵਿਚ ਦਫ਼ਤਰ ਖੋਲਿਆ ਗਿਆ ਹੈ।ਇਸ ਦਫ਼ਤਰ ਨੂੰ ਚਲਾਉਣ ਲਈ ਮੇਰੀ ਡਿਊਟੀ ਲਗਾਈ ਗਈ ਹੈ।' ਮੈਂ ਸਿਰਫ਼ ਪੀਏ ਹਾਂ, ਤੇ ਸੰਸਦ ਮੈਂਬਰ ਸੰਨੀ ਦਿਓਲ ਹੀ ਹਨ। ਉਹ ਹਲਕੇ ਦੇ ਲੋਕਾਂ ਨਾਲ ਜੁੜੇ ਰਹਿਣਗੇ ਅਤੇ ਅਗਲੇ ਕੁਝ ਦਿਨਾਂ ਚ ਹਲਕੇ ਵਿਚ ਆ ਰਹੇ ਹਨ। ਗੁਰਪ੍ਰੀਤ ਮੁਤਾਬਕ ਸੰਨੀ ਦਿਓਲ ਵੱਲੋਂ ਗੁਰਦਾਸਪੁਰ ਦੇ ਵਿਕਾਸ ਲਈ ਕੁਝ ਅਧੂਰੇ ਪਏ ਪ੍ਰੋਜੈਕਟਸ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਗਈ ਸੀ ਅਤੇ ਸੰਨੀ ਦਿਓਲ ਹਮੇਸ਼ਾ ਲਈ ਗੁਰਦਾਸਪੁਰ ਦੇ ਵਿਕਾਸ ਅਤੇ ਹਲਕੇ ਦੀ ਤਰੱਕੀ ਲਈ ਵਚਨਬੱਧ ਹਨ।

### ਕੀ ਸੰਸਦ ਮੈਂਬਰ ਨੁਮਾਇਦੇ ਨੂੰ ਬੈਠਕ ਚ ਭੇਜ ਸਕਦੇ ਹੋ

ਪਟਿਆਲਾ ਦੇ ਸਾਬਕਾ ਐੱਮਪੀ ਧਰਮਵੀਰ ਗਾਂਧੀ ਨੇ ਇਸ ਬਾਰੇ ਬੀਬੀਸੀ ਨਾਲ ਗੱਲ ਕਰਦਿਆਂ ਕਿਹਾ ਕਿ ਇਹ ਪੂਰੀ ਤਰ੍ਹਾਂ ਗ਼ੈਰ-ਸੰਵਿਧਾਨਿਕ ਅਤੇ ਅਨੈਤਿਕ ਹੈ। ਉਨ੍ਹਾਂ ਮੁਤਾਬਕ ਸੰਨੀ ਦਿਓਲ ਨੂੰ ਬਤੌਰ ਸੰਸਦ ਮੈਂਬਰ ਮੀਟਿੰਗਾਂ ਵਿੱਚ ਖ਼ੁਦ ਹਿੱਸਾ ਲੈਣਾ ਚਾਹੀਦਾ ਹੈ ਅਤੇ ਜ਼ਿਲ੍ਹੇ ਦੀ ਵਿਜੀਲੈਂਸ ਅਤੇ ਮੌਨੀਟਰਿੰਗ ਕਮੇਟੀ ਦੀ ਪ੍ਰਧਾਨਗੀ ਕਰਨੀ ਚਾਹੀਦੀ ਹੈ। ਉਨ੍ਹਾਂ ਮੁਤਾਬਕ, "ਐੱਮਪੀ ਆਪਣੇ ਕੰਮ ਕਿਸੇ ਹੋਰ ਨੂੰ ਨਹੀਂ ਸੌਂਪ ਸਕਦੇ। ਹਾਲਾਂਕਿ ਸਮਾਜਿਕ ਸਮਾਗਮਾਂ, ਵਿਆਹ-ਸ਼ਾਦੀਆਂ ਆਦਿ ਲਈ ਉਹ ਕਿਸੇ ਨੂੰ ਭੇਜ ਸਕਦੇ ਹਨ।" ਉਧਰ ਸਾਬਕਾ ਸੰਸਦੀ ਮਾਮਲਿਆਂ ਦੇ ਮੰਤਰੀ ਵਕੀਲ ਪਵਨ ਕੁਮਾਰ ਬੰਸਲ ਨੇ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ ਜਿਸ ਤਹਿਤ ਇੱਕ ਐੱਮਪੀ ਕਿਸੇ ਹੋਰ ਨੂੰ ਆਪਣਾ ਨੁਮਾਇੰਦਾ ਨਿਯੁਕਤ ਕਰੇ। ਉਨ੍ਹਾਂ ਕਿਹਾ, "ਕਮੇਟੀਆਂ ਵਿੱਚ ਕੋਈ ਹੋਰ ਐੱਮਪੀ ਦੀ ਥਾਂ ਨੁਮਾਇੰਦਗੀ ਨਹੀਂ ਕਰ ਸਕਦਾ। ਪੰਜਾਬ ਵਿੱਚ ਸ਼ਿਕਾਇਤਾਂ ਦੇ ਨਿਵਾਰਣ ਲਈ ਕਮੇਟੀਆਂ ਹਨ ਅਤੇ ਇਸ ਵਿੱਚ ਸੰਸਦ ਮੈਂਬਰ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ ਅਤੇ ਇਹ ਭੂਮਿਕਾ ਕੋਈ ਹੋਰ ਅਦਾ ਨਹੀਂ ਕਰ ਸਕਦਾ।" ਗਾਂਧੀ ਅੱਗੇ ਕਹਿੰਦੇ ਹਨ ਐੱਮਪੀ ਨੇ 2-3 ਮਹੀਨਿਆਂ ਵਿੱਚ ਵਿਜਿਲੈਂਸ ਅਤੇ ਮੌਨੀਟਰਿੰਗ ਕਮੇਟੀ ਦੀ ਮੀਟਿੰਗ ਲੈਣੀ ਹੁੰਦੀ ਹੈ। ਸਰਕਾਰੀ ਕੰਮਾ ਲਈ ਐੱਮਪੀ ਨੇ ਹੀ ਮੀਟਿੰਗਾਂ ਦੀ ਅਗਵਾਈ ਕਰਨੀ ਹੁੰਦੀ ਹੈ। ਇਹ ਕਮੇਟੀ ਹਲਕੇ ਵਿੱਚ ਚੱਲ ਰਹੇ ਹਰ ਤਰ੍ਹਾਂ ਦੇ ਵਿਕਾਸ ਕਾਰਜਾਂ ਅਤੇ ਨਵੇਂ ਕੰਮਾਂ ਦੀ ਰਿਪੋਰਟ ਪੇਸ਼ ਕਰਦੀ ਹੈ ਅਤੇ ਐੱਮਪੀ ਨੂੰ ਤਫ਼ਸੀਲ ਨਾਲ ਦਸਦੀ ਹੈ।